بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.12.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਦੀ ਤਕਦੀਰ ਪੂਰਾ ਹੋਏ ਬਿਨਾ ਨਹੀਂ ਰਹਿੰਦੀ ਅਤੇ ਦੁਸ਼ਮਣਾ ਦੀਆਂ ਈਰਖਾ ਤੇ ਕੀਨਿਆਂ ਭਰੀਆਂ ਨਿਗਾਹਾਂ ਦੇ ਹੁੰਦਿਆਂ ਹੋਇਆਂ ਵੀ ਉਹ ਆਪਣੀ ਜਮਤਾ ਨੂੰ ਵਧਾਉਂਦਾ ਚਲਾ ਜਾਂਦਾ ਹੈ ਅਤੇ ਉਸ ਨੂੰ ਦੁਨੀਆਂ ਵਿੱਚ ਤਰੱਕੀ ਦਿੰਦਾ ਜਾਂਦਾ ਹੈ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਇਹ ਚੀਜ਼ ਆਪਣੇ ਆਪ ਵਿੱਚ ਸਾਡੇ ਲਈ ਬਹੁਤ ਵੱਡੀ ਖ਼ੁਸ਼ੀ ਦਾ ਸਬਬ ਹੈ ਪਰ ਨਾਲ ਹੀ ਸਾਨੂੰ ਆਪਣੀਆਂ ਜ਼ਿੰਮੇਦਾਰੀਆਂ ਵੱਲ ਵੀ ਧਿਆਨ ਦੁਆਉਂਦਾ ਹੈ, ਸਾਨੂੰ ਇਹਨਾਂ ਮੰਤਵਾਂ ਵੱਲ ਧਿਆਨ ਦੁਆਉਂਦਾ ਹੈ ਜਿਸ ਲਈ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕੀਤੀ ਸੀ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਦਸੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਹ ਦਿਨ ਕਾਦੀਆਂ ਵਿੱਚ ਜਲਸਾ ਸਾਲਾਨਾ ਦੇ ਦਿਨ ਹਨ । ਕਲ ਤੋਂ ਇੰਸ਼ਾਅਲੱਾਹ ਕਾਦੀਆਂ ਦਾ ਸਾਲਾਨਾ ਜਲਸਾ ਸ਼ੁਰੂ ਹੋ ਰਿਹਾ ਹੈ । ਕਾਦੀਆਂ ਦੇ ਸਾਲਾਨਾ ਜਲਸੇ ਦੀ ਵਿਸ਼ੇਸ਼ ਰੂਪ ਵਿੱਚ ਇਸ ਪੱਖੋਂ ਵੀ ਮਹਤੱਾ ਹੈ ਕਿ ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਗਰੀ ਵਿੱਚ ਹੋ ਰਿਹਾ ਹੈ ਅਤੇ ਏਥੇ ਹੀ ਆਪ ਅਲੈਹਿ ਸਲਾਮ ਨੇ ਇਲਾਹੀ ਆਦੇਸ਼ ਅਨੁਸਾਰ ਜਲਸਾ ਅਰੰਭ ਕਰਾਇਆ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪਣੇ ਵੱਖ ਵੱਖ ਸੰਬੋਧਨਾ ਤੇ ਭਾਸ਼ਣਾ ਵਿੱਚ ਜਲਸਾ ਸਾਲਾਨਾ ਦੇ ਹਵਾਲੇ ਨਾਲ ਸਾਨੂੰ ਉਸ ਜੁੱਗ ਦੀ ਵੀ ਜਾਣਕਾਰੀ ਦਿੱਤੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਜੁੱਗ ਸੀ ਅਤੇ ਜਮਾਤ ਦਾ ਅਰੰਭ ਸੀ । ਇਸ ਸਮੇਂ ਮੈਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਦੇ ਕੁਝ ਹਵਾਲੇ ਪੇਸ਼ ਕਰਦਾ ਹਾਂ । ਅਰੰਭਕ ਜਲਸਿਆਂ ਵਿੱਚੋਂ ਇਕ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਆਪਣੇ ਬਚਪੁਨੇ ਦੇ ਪ੍ਰਭਾਵ ਅਤੇ ਜਮਾਤ ਦੀ ਹਾਲਤ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਹ 1936 ਈ. ਦੀ ਗੱਲ ਹੈ ਜੱਦ ਆਪ ਫ਼ਰਮਾ ਰਹੇ ਹਨ ਕਿ ਲਗਭਗ ਚਾਲ੍ਹੀ ਸਾਲ ਪਹਿਲਾਂ ਇਸ ਥਾਂ ਜਿੱਥੇ ਹੁਣ ਮਦਰਸਾ ਅਹਮਦੀਆ ਦੇ ਲੜਕੇ ਪੜ੍ਹਦੇ ਹਨ (ਕਾਦੀਆਂ ਵਿੱਚ ਜੋ ਥਾਂ ਹੈ) ਇਕ ਟੁਟੱਾ ਫੁਟੱਾ ਬੰਨ੍ਹ (ਫਾਇਰਵਾਲ) ਹੋਇਆ ਕਰਦਾ ਸੀ, ਉਸ ਸਮੇਂ ਮੇਰੀ ਉਮਰ ਸੱਤ ਅੱਠ ਸਾਲ ਦੀ ਹੋਵੇਗੀ । ਮੈਂਨੂੰ ਐਨ੍ਹਾ ਚੇਤਾ ਹੈ ਕਿ ਮੈਂ ਓਥੇ ਇਕੱਠੇ ਹੋਣ ਵਾਲੇ ਲੋਕਾਂ ਦੁਆਲੇ ਦੌੜਦਾ ਫਿਰਦਾ ਤੇ ਖੇਡਦਾ ਫਿਰਦਾ ਸੀ । ਮੇਰੇ ਲਈ ਇਸ ਜ਼ਮਾਨੇ ਦੇ ਪੱਖੋਂ ਅਚੰਭੇ ਦੀ ਗੱਲ ਸੀ ਕਿ ਕੁਝ ਲੋਕ ਇਕਤੱਰ ਹਨ । ਉਸ ਬੰਨ੍ਹ ਉਪੱਰ ਇਕ ਦਰੀ ਵਿਛੀ ਹੋਈ ਸੀ ਜਿਸ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬੈਠੇ ਹੋਏ ਸਨ ਅਤੇ ਆਲੇ ਦੁਆਲੇ ਸਜੱਣ ਮਿਤੱਰ ਸਨ ਜੋ ਜਲਸਾ ਸਾਲਾਨਾ ਦੇ ਸਮਾਰੋਹ ਦੇ ਨਾਂ ਨਾਲ ਇਕਤੱਰ ਸਨ । ਡੇਢ ਸੌ ਹੋਣਗੇ ਜਾਂ ਦੋ ਸੌ ਅਤੇ ਬੱਚੇ ਮਿਲਾਕੇ ਢਾਈ ਸੌ ਦੀ ਗਿਣਤੀ ਵਿੱਚ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਪ੍ਰਕਾਸ਼ਤ ਵੀ ਕੀਤੀ ਸੀ । ਮੈਂਨੂੰ ਚੇਤੇ ਹੈ ਕਿ ਦੋ ਤਿੰਨ ਵਾਰੀ ਉਸ ਦਰੀ ਦੀ ਥਾਂ ਬਦਲੀ ਗਈ । ਅੱਜ ਜੋ ਲੋਕ ਕਾਦੀਆਂ ਵਿੱਚ ਇਸ ਸਮੇਂ ਜਲਸੇ ਦੀ

ਭਾਵਨਾ ਨਾਲ ਗਏ ਹੋਏ ਹਨ ਉਹ ਸ਼ਾਇਦ ਉਸ ਸਮੇਂ ਦੀ ਹਾਲਤ ਦਾ ਅੰਦਾਜ਼ਾ ਵੀ ਨਹੀਂ ਲਾ ਸਕਦੇ ਹੋਣ । ਹੁਣ ਤਾਂ ਇਕ ਵਿਸ਼ਾਲ ਜਲਸਾਗਾਹ ਰੱਬ ਦੀ ਮਿਹਰ ਨਾਲ ਉਪਲਭਦ ਹੈ ਜਿਸ ਨੂੰ ਪੱਕੀ ਚਾਰ ਦਿਵਾਰੀ ਨਾਲ ਘੇਰਿਆ ਗਿਆ ਹੈ ਅਤੇ ਉਸ ਵਿੱਚ ਜਤਨ ਇਹ ਹੈ ਕਿ ਵੱਧ ਤੋਂ ਵੱਧ ਸਹੂਲਤਾਂ ਉਪਲਭਦ ਹੋਣ । **1936** ਈ. ਵਿੱਚ ਜਿਸ ਸਮੇਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਹ ਫ਼ਰਮਾ ਰਹੇ ਹਨ ਇਸ ਦੇ ਬਾਦ ਪਾਰਟੀਸ਼ਨ ਤੱਕ ਹੋਰ ਵਧੇਰੇ ਪ੍ਰਬੰਧ ਹੁੰਦੇ ਗਏ । ਬਾਦ ਵਿੱਚ ਕਾਦੀਆਂ'ਤੇ ਪਾਰਟੀਸ਼ਨ ਸਮੇਂ ਇਕ ਅਜਿਹਾ ਸਮਾਂ ਵੀ ਆਇਆ ਜੱਦ ਕੇਵਲ ਦਾਰੁਲ ਮਸੀਹ ਅਤੇ ਆਲੇ ਦੁਆਲੇ ਦੇ ਕੁਝ ਘਰਾਂ ਤੱਕ ਅਹਮਦੀ ਸੀਮਤ ਹੋ ਗਏ ਸਗੋਂ ਕੇਵਲ ਕੁਝ ਸੈਂਕੜੇ ਲੋਕਾਂ ਤੋਂ ਬਿਨਾ ਸਾਰਿਆਂ ਨੂੰ ਪ੍ਰਵਾਸ ਕਰਨਾ ਪਿਆ ਅਤੇ ਜੋ ਅਹਮਦੀ ਰਹਿ ਗਏ ਸਨ ਉਹ ਵੀ ਬਹੁਤ ਮਾੜੇ ਸਨ ਪਰ ਅੱਜ ਫਿਰ ਰੱਬ ਦੀ ਮਿਹਰ ਨਾਲ ਕਾਦੀਆਂ ਵਿੱਚ ਵਿਸਥਾਰ ਹੋ ਰਿਹਾ ਹੈ । ਇਤਿਹਾਸ ਵਿੱਚ ਝਾਤੀ ਮਾਰਕੇ ਦੇਖੀਏ ਤਾਂ ਰੱਬ ਦੀਆ ਮਿਹਰਾਂ ਦੀ ਵਰਖਾ ਦਿਖਾਈ ਦਿੰਦੀ ਹੈ । ਅਜੱ ਰਬਵਾ ਦੇ ਰਹਿਣ ਵਾਲੇ ਵੀ ਇਹਨਾਂ ਦਿਨਾਂ ਵਿੱਚ ਬੇਚੈਨ ਹੋਣਗੇ । ਉਹਨਾਂ ਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਹਾਲਾਤ ਹਮੇਸ਼ਾ ਇਕ ਸਮਾਨ ਨਹੀਂ ਰਹਿੰਦੇ । ਇੰਸ਼ਾਅਲੱਾਹ ਤਆਲਾ ਹਾਲਾਤ ਓਥੇ ਵੀ ਬਦਲਨਗੇ ਅਤੇ ਰੌਣਕਾਂ ਕਾਇਮ ਹੋਣਗੀਆਂ ਪਰ ਰਬਵਾ ਦੇ ਰਹਿਣ ਵਾਲਿਆਂ ਨੂੰ ਦੁਆਵਾਂ ਵੱਲ ਧਿਆਨ ਦੇਣਾ ਹੋਵੇਗਾ । ਪਾਕਿਸਤਾਨ ਵਿੱਚ ਰਹਿਣ ਵਾਲਿਆਂ ਨੂੰ ਦੁਆਵਾਂ ਵੱਲ ਧਿਆਨ ਦੇਣਾ ਹੋਵੇਗਾ । ਅਲੱਾਹ ਤਆਲਾ ਫ਼ਰਮਾਉਂਦਾ ਹੈ : "ਵਲਾ ਤਹਿਨੂ ਵਲਾ ਤਹਜ਼ਾਨੂ ਵ ਅਨਤੁਮੁਲ ਆਲੌਨਾ ਇਨ ਕੁਨਤੁਮ ਮੋਮਿਨੀਨ **0**" (وَلَا تَهِنُوْا وَلَا تَحْزَنُوْا وَاَنْتُمُ الْاَعْلَوْنَ اِنْ كُنْتُمْ مُّؤْمِنِيْنَ ﴿۱۳۹﴾) ਕਿ ਹੋਰ ਕਮਜ਼ੋਰੀ ਨ ਦਿਖਾਓ ਅਤੇ ਦੁੱਖ ਨ ਕਰੋ ਤੁਸੀਂ ਹੀ ਗ਼ਾਲਬ ਹੋਣ ਵਾਲੇ ਹੋ ਜੱਦ ਕਿ ਤੁਸੀਂ ਮੋਮਿਨ ਹੋ । ਸ਼ਰਤ ਇਹ ਲਾਈ ਕਿ ਜੱਦਕਿ ਤੁਸੀਂ ਮੋਮਿਨ ਹੋਵੋ ।

ਸੋ, ਈਮਾਨ ਵਿੱਚ ਵਾਧੇ ਅਤੇ ਦੁਆਵਾਂ'ਤੇ ਜ਼ੋਰ ਫਿਰ ਰੱਬ ਦੀਆਂ ਮਿਹਰਾਂ ਨੂੰ ਸੋਖਕੇ ਫਿਰ ਹਾਲਾਤ ਬਦਲਦੇ ਹਨ । ਕਹਿੰਦੇ ਹਨ ਇਕ ਅਰਬ ਤੇ ਪੰਝੀ ਤੀਹ ਕਰੋੜ ਲੋਕਾਂ ਦੀ ਇਸ ਦੁਨੀਆ ਵਿੱਚ (ਉਸ ਜੁੱਗ ਵਿੱਚ ਜੋ ਅਬਾਦੀ ਸੀ) ਦੋ ਢਾਈ ਸੌ ਨੌਜੁਆਨ ਵਿਅਕਤੀ ਇਕੱਠੇ ਹੋਏ ਸਨ ਇਸ ਨਿਸ਼ਚੇ ਸਾਲ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਝੰਡਾ ਜਿਸ ਨੂੰ ਦੁਸ਼ਮਣ ਝੁਕਾਉਣ ਦਾ ਜਤਨ ਕਰ ਰਿਹਾ ਹੈ ਉਹ ਉਸ ਝੰਡੇ ਨੂੰ ਨਿਉਣ ਨਹੀਂ ਦੇਣਗੇ ਸਗੋਂ ਉਸ ਨੂੰ ਫੜ੍ਹਕੇ ਸਿੱਧਾ ਰਖੱਾਂਗੇ ਅਤੇ ਆਪਣੇ ਆਪ ਨੂੰ ਮੁਕਾ ਲਿਆਂਗੇ ਪਰ ਉਸ ਨੂੰ ਨੀਵਾਂ ਨਹੀਂ ਹੋਣ ਦੇਣਗੇ । ਇਹਨਾ ਇਕ ਅਰਬ ਪੰਝੀ ਕਰੋੜ ਲੋਕਾਂ ਦੇ ਸਾਗਰ ਦੇ ਟਾਕਰੇ ਲਈ ਦੋ ਢਾਈ ਸੌ ਮਾੜੇ ਵਿਅਕਤੀ ਆਪਣੀਆਂ ਕੁਰਬਾਨੀਆਂ ਦੇਣ ਲਈ ਆਏ ਸਨ । ਉਸ ਸਮੇਂ **1895-96** ਈ. ਵਿੱਚ ਜਿੰਨ੍ਹਾ ਦੇ ਚਿਹਰਿਆਂ'ਤੇ ਉਹੋ ਕੁਝ ਲਿੱਖਿਆ ਹੋਇਆ ਸੀ ਜੋ ਬਦਰੀ (ਜੰਗੇ ਬਦਰ ਵਿੱਚ ਭਾਗ ਲੈਂਣ ਵਾਲੇ ਗਭਰੂ) ਸਹਾਬਾ ਦੇ ਚਿਹਰਿਆਂ ਉਪੱਰ ਲਿੱਖਿਆ ਹੋਇਆ ਸੀ ਜਿਵੇਂ ਕਿ ਬਦਰ ਦੇ ਸਹਾਬਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਅਮ ਨੂੰ ਕਿਹਾ ਕਿ ਹੇ, ਰਸੂਲੁਲੱਾਹ ! ਬੇਸ਼ਕ ਅਸੀਂ ਮਾੜੇ ਹਾਂ ਅਤੇ ਦੁਸ਼ਮਣ ਤਾਕਤਵਰ ਹੈ ਪਰ ਉਹ ਆਪ ਤੱਕ ਨਹੀਂ ਪਹੁੰਚ ਸਕਦਾ ਜੱਦ ਤੱਕ ਸਾਡੀਆਂ ਲੋਥਾਂ ਨੂੰ ਮਿਧੱਦਾ ਹੋਇਆ ਨ ਲੰਘੇ । ਉਹਨਾਂ ਦੇ ਚਿਹਰੇ ਦਸ ਰਹੇ ਸਨ ਕਿ ਉਹ ਮਨੁੱਖ ਨਹੀਂ ਸਗੋਂ ਜੀਉਂਦੀਆਂ ਲੋਥਾਂ ਹਨ ਜੋ ਆਪਣੇ ਵੁਜੂਦ ਤੋਂ ਅਧਿਕ ਮੁਹਮੱਦ ਸਲਲਾਹੁ ਅਲੈਹਿ ਵਸਲਅਮ ਦੇ ਸਨਮਾਨ ਅਤੇ ਆਪ ਦੇ ਧਰਮ ਦੀ ਸਥਾਪਨਾ ਲਈ ਇਕ ਅੰਤਮ ਸੰਘਰਸ਼ ਕਰਨ ਲਈ ਇਕੱਠੇ ਹੋਏ ਹਨ । ਦੇਖਣ ਵਾਲੇ ਉਹਨਾਂ'ਤੇ ਹਸਦੇ ਸਨ, ਦੇਖਣ ਵਾਲੇ ਉਹਨਾ'ਤੇ ਠਠੱਾ ਕਰਦੇ ਸਨ ਅਤੇ ਹੈਰਾਨ ਹੁੰਦੇ ਸਨ ਕਿ ਇਹ ਲੋਕ ਕੀ ਕੰਮ ਕਰਨਗੇ । ਅਸਲ ਵਿੱਚ ਕੀ ਚੀਜ਼ ਹੈ, ਇਹ ਉਹ ਇਸ਼ਕ (ਪ੍ਰੇਮ) ਹੈ ਜੋ ਮਨੁੱਖ ਦੀ ਅਕਲ ਉਪੱਰ ਪਰਦਾ ਪਾ ਦਿੰਦਾ ਹੈ ਅਤੇ ਫਿਰ ਇਹ ਪ੍ਰੇਮ ਜਿਸ ਦਾ ਵਹਿਮ ਭਰਮ ਵੀ ਨਹੀਂ ਹੁੰਦਾ ਮਨੁੱਖ ਤੋਂ ਅਜਿਹੀਆਂ ਕੁਰਬਾਨੀਆਂ ਕਰਾਉਂਦਾ ਹੈ । ਉਹ ਦੋ ਢਾਈ ਸੌ ਵਿਅਕਤੀ ਜੋ ਇਕਠੱਾ ਹੋਇਆ ਉਹਨਾਂ ਦੇ ਦਿਲੋਂ ਨਿਕਲੇ ਹੋਏ ਲਹੂ ਨੇ ਰੱਬ ਦੇ ਦਰ ਸਾਹਮਣੇ ਫ਼ਰਿਆਦ ਕੀਤੀ । ਸੋ, ਉਸ ਸਮੇਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪਣੇ ਸਾਹਮਣੇ ਬੈਠੇ ਹੋਏ ਕੁਝ ਹਜ਼ਾਰ ਲੋਕਾਂ ਨੂੰ ਕਿਹਾ ਸੀ ਕਿ ਇਹਨਾਂ ਦੋ ਢਾਈ ਸੌ ਲੋਕਾਂ ਦੀ ਪੁਕਾਰ ਤੇ ਦੁਹਾਈ ਦਾ ਸਿਟੱਾ ਤੁਸੀਂ ਦੇਖ ਰਹੇ ਹੋ । ਅਰਥਾਤ ਇਸ ਖੇਤਰ ਵਿੱਚ ਉਹਨਾਂ ਲੋਕਾਂ ਦੀਆਂ ਦੁਹਾਈਆਂ ਸਨ ਉਹਨਾਂ ਦੋ ਢਾਈ ਸੌ ਵਿਅਕਤੀਆਂ ਦੀ ਜਿਸ ਦਾ ਸਿਟੱਾ ਤੁਸੀਂ ਦੇਖ ਰਹੇ ਹੋ ਕਿ ਤੁਸੀਂ ਇਸ ਖੇਤਰ ਵਿੱਚ ਬੈਠੇ ਹੋਏ ਹੋ ਇਸੇ ਖੇਤਰ

ਵਿੱਚ ਕਾਦੀਆਂ ਵਿੱਚ । ਅੱਜ ਜਿਵੇਂ ਕਿ ਮੈਂ ਦੱਸਿਆ ਕਿ ਕਾਦੀਆਂ ਦਾ ਜਲਸਾਗਾਹ ਹੋਰ ਵੀ ਵਿਸ਼ਾਲ ਹੋ ਚੁੱਕਿਆ ਹੈ । ਮੈਂ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਜਿੰਨ੍ਹੇ ਵੀ ਲੋਕ ਹਨ ਪੁਰੁਸ਼ ਇਸਤਰੀਆਂ ਉਹਨਾਂ ਨੂੰ ਕਹਿੰਦਾ ਹਾਂ ਕਿ ਇਕ ਵਿਸ਼ਾਲ ਮੈਦਾਨ (ਖੇਤਰ) ਜਿਸ ਵਿੱਚ ਸਾਰੀਆਂ ਸਹੂਲਤਾਂ ਵੀ ਉਪਲਭਦ ਹਨ ਇਕ ਦੀ ਥਾਂ ਕਈ ਭਾਸ਼ਾਵਾਂ ਵਿੱਚ ਅਵਾਜ਼ ਪਹੁੰਚਾਈ ਜਾ ਰਹੀ ਹੈ । ਜਿੱਥੇ ਇਸ ਸਮੇਂ ਵੱਖ ਵੱਖ ਕੌਮਾਂ ਦੇ ਲੋਕ ਬੈਠੇ ਹਨ । ਜਿੱਥੇ ਪਾਕਿਸਤਾਨ ਤੋਂ ਆਏ ਹੋਏ ਆਪਣੇ ਅਧਿਕਾਰਾਂ ਤੋਂ ਮਹਿਰੂਮ ਲੋਕ ਬੈਠੇ ਹਨ । ਆਪਣੇ ਆਪ ਵਿੱਚ ਇਹ ਸਾਰੇ ਲੋਕ ਉਹ ਈਮਾਨ ਤੇ ਸ਼ਰਧਾ ਪੈਦਾ ਕਰਨ ਅਤੇ ਰੱਬ ਨਾਲ ਸੰਬੰਧ ਬਨਾਉਣ ਇਕ ਜਜ਼ਬਾ ਪੈਦਾ ਕਰਨ ਜੋ ਉਹਨਾਂ ਦੋ ਸੌ ਲੋਕਾਂ ਵਿਚ ਸੀ ਜਿਸ ਦੀ ਉਧਾਰਣ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਾਹ ਅਨਹੁ ਨੇ ਦਿੱਤੀ ਹੈ । ਜੇਕਰ ਇਹਨਾਂ ਦੋ ਢਾਈ ਸੌ ਬੀਜਾਂ ਜਾਂ ਗਿਟਕਾਂ ਨੇ ਆਪਣੇ ਪ੍ਰਭਾਵ ਦਿਖਾਏ ਤਾਂ ਅੱਜ ਇਹ ਸਾਡੀ ਜ਼ਿੰਮੇਦਾਰੀ ਹੈ ਕਿ ਇਸ ਕੰਮ ਨੂੰ ਅੱਗੇ ਵਧਾਉਣ ਲਈ ਆਪਣੇ ਈਮਾਨ ਵਿੱਚ ਅੱਗੇ ਵੱਧੀਏ ਅਤੇ ਫਿਰ ਜਿਵੇਂ ਕਿ ਰੱਬ ਦਾ ਵਾਅਦਾ ਹੈ ਸਾਡਾ ਗ਼ਲਬਾ (ਫ਼ਤਹਿ) ਹੈ ਇੰਸ਼ਅਲੱਾਹ । ਅੱਜ ਦੁਨੀਆ ਦੀ ਅਬਾਦੀ ਸੱਤ ਅਰਬ ਤੀਹ ਕਰੋੜ ਕਹੀ ਜਾਂਦੀ ਹੈ ਅਤੇ ਸਾਡੀ ਗਿਣਤੀ ਹੁਣ ਵੀ ਦੁਨੀਆ ਦੇ ਟਾਕਰੇ'ਤੇ ਅਤੇ ਆਪਣੇ ਵਸੀਲਿਆਂ ਦੇ ਪੱਖੋਂ ਬਹੁਤ ਮਮੂਲੀ ਹੈ ਪਰ ਅਸੀਂ ਕੰਮ ਉਹੋ ਕਰਨੇ ਹਨ ਜੋ ਸਾਡੇ ਪੁਰਖਿਆਂ ਤੇ ਵੰਸ਼ਜਾਂ ਨੇ ਕੀਤਾ । ਸੋ, ਇਸ ਗੱਲ ਨੂੰ ਹਰ ਅਹਮਦੀ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਸਾਡਾ ਉਦੇਸ਼ ਬਹੁਤ ਵੱਡਾ ਹੈ ਇਸ ਨੂੰ ਅਸੀਂ ਹਾਸਲ ਕਰਨਾ ਹੈ ਅਤੇ ਇਹ ਸਾਰੇ ਲੋਕ ਜੋ ਕਾਦੀਆਂ ਵਿੱਚ ਜਲਸੇ ਵਿੱਚ ਸ਼ਮਾਲ ਹੋਏ ਹਨ ਉਹਨਾਂ ਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਇਹਨਾਂ ਦਿਨਾਂ ਵਿੱਚ ਬਹੁਤ ਦੁਆਵਾਂ ਕਰਨ । ਹਜ਼ਰਤ ਮੁਸਲਿਹ ਮੌਊਦ ਇਸ ਗੱਲ ਦੀ ਚਰਚਾ ਕਰਦਿਆਂ ਹੋਇਆਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਜਿਹੇ ਨਿਸ਼ਾਨ (ਚਮਤਕਾਰ) ਹਜ਼ਾਰਾਂ ਹੀ ਹਨ, ਗਵਾਹੀਆਂ ਬੇ ਅਨੁਮਾਨ ਹਨ ਜੋ ਆਪਣੀ ਸੁੰਦਰਤਾ ਦਿਖਾਉਂਦੀਆਂ ਹਨ । ਇਕ ਇਲਹਾਮ ਦੀ ਚਰਚਾ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਆਪ ਦਾ ਇਕ ਇਲਹਾਮ ਹੈ ਕਿ 'ਯਾਤੀਕਾ ਮਿਨ ਕੁੱਲੇ ਫ਼ਜਿੱਨ ਅਮੀਕ ਵ ਯਾਤੂਨਾ ਮਿਨ ਕੁੱਲੇ ਫ਼ਜਿੱਨ ਅਮੀਕ' (یاتیکامن کل فج عمیق اور یاتون من کل فج عمیق) ਅਰਥਾਤ ਦੂਰ ਦੁਰਾਡੇ ਤੋਂ ਲੋਕ ਤੇਰੇ ਕੋਲ ਆਉਣਗੇ ਅਤੇ ਦੂਰ ਦੁਰਾਡਿਓਂ ਤੇਰੇ ਲਈ ਤੋਹਫ਼ੇ (ਉਪਹਾਰ) ਲਿਆਂਦੇ ਜਾਣਗੇ ਅਤੇ ਅਜਿਹੇ ਅਜਿਹੇ ਸਾਧਨ ਕੀਤੇ ਜਾਣਗੇ ਜਿੰਨ੍ਹਾ ਤੋਂ ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਕੀਤੀ ਜਾਵੇ ਅਤੇ ਐਨ੍ਹੀ ਗਿਣਤੀ ਵਿੱਚ ਲੋਕ ਆਉਣਗੇ ਕਿ ਉਹ ਮਾਰਗ ਘਿਸ ਜਾਣਗੇ ਜਿੰਨ੍ਹਾ ਮਾਰਗਾਂ ਤੋਂ ਉਹ ਆਉਣਗੇ । ਫ਼ਰਮਾਉਂਦੇ ਹਨ ਕਿ ਇਹ ਨਿਸ਼ਾਨ ਇਕ ਮਹਾਨਤਮ ਨਿਸ਼ਾਨੀ ਹੈ । ਇਸ ਮਹਾਨਤਮ ਨਿਸ਼ਾਨੀ ਦੀ ਖ਼ਬਰ ਕਿਸ ਸਮੇਂ ਰੱਬ ਨੇ ਖ਼ਬਰ ਦਿੱਤੀ ਸੀ, ਉਸ ਅਵਸਥਾ ਨੂੰ ਦੇਖਣ ਵਾਲੇ ਹੁਣ ਵੀ ਮੌਜੂਦ ਹਨ । ਜੱਦ ਇਹ ਇਲਹਾਮ ਹੋਇਆ ਉਸ ਸਮੇਂ ਕੀ ਅਵਸਥਾ ਸੀ ਉਸ ਦੇ ਦੇਖਣ ਵਾਲੇ ਹੁਣ ਵੀ ਮੌਜੂਦ ਹਨ । ਕਹਿੰਦੇ ਹਨ ਕਿ ਮੇਰੀ ਉਮਰ ਛੋਟੀ ਤਾਂ ਸੀ ਪਰ ਉਹ ਨਜ਼ਾਰੇ (ਦ੍ਰਿਸ਼) ਹੁਣ ਵੀ ਚੇਤੇ ਹਨ ਜਿੱਥੇ ਹੁਣ ਮਦਰਸਾ ਹੈ ਓਥੇ ਢਾਬ ਹੁੰਦੀ ਸੀ ਅਤੇ ਗੰਦ ਤੇ ਰੂੜ੍ਹੀ ਦੇ ਢੇਰ ਸਨ । ਇਸ ਤੋਂ ਵੀ ਪਹਿਲਾਂ ਜੱਦ ਕਿ ਕਾਦੀਆਂ ਵਿੱਚ ਕਦੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕੋਈ ਜਾਣਦਾ ਵੀ ਨਹੀਂ ਸੀ । ਰੱਬ ਨੇ ਇਹ ਵਾਅਦਾ ਦਿੱਤਾ ਕਿ ਤੇਰੇ ਕੋਲ ਦੂਰ ਦੂਰ ਤੋਂ ਲੋਕ ਆਉਣਗੇ ਅਤੇ ਦੂਰ ਰਦੁਰਾਡਿਓਂ ਤੋਹਫ਼ੇ ਲਿਆਂਦੇ ਜਾਣਗੇ । ਇਹ ਗ਼ੌਰ ਕਰਨ ਵਾਲੀ ਗੱਲ ਹੈ । ਅੱਜ ਕਾਦੀਆਂ ਦੇ ਨਜ਼ਾਰੇ (ਦ੍ਰਿਸ਼) ਜੋ ਅਸੀਂ ਦੇਖਦੇ ਹਾਂ ਦੁਨੀਆਂ ਦੇ ਵੀਹ ਪੰਝੀ ਦੇਸ਼ਾਂ ਦੇ ਲੋਕ ਓਥੇ ਪਹੁੰਚੇ ਹੋਏ ਹਨ ਅਤੇ ਰੱਬ ਦੀ ਮਿਹਰ ਨਾਲ ਨਵੀਂ ਤੋਂ ਨਵੀਂ ਇਮਾਰਤਾਂ ਓਥੇ ਬਣ ਰਹੀਆਂ ਹਨ ।

ਫਿਰ ਜਲਸਾ ਸਾਲਾਨਾ ਦੀ ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਦੇ ਹਵਾਲੇ ਨਾਲ ਇਕ ਇਲਹਾਮ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਅਖੀਰਲੇ ਜਲਸੇ ਵਿੱਚ ਕੁਲ ਸੱਤ ਸੌ ਲੋਕ ਸਨ ਅਤੇ ਪ੍ਰਬੰਧ ਵਿੱਚ ਖ਼ਰਾਬੀ ਪੈਦਾ ਹੋ ਗਈ ਰਾਤ ਨੂੰ ਤਿੰਨ ਵਜੇ ਤੱਕ ਕਈਆਂ ਨੂੰ ਖਾਣਾ ਨ ਮਿਲ ਸਕਿਆ । ਆਪ ਨੂੰ ਇਲਹਾਮ ਹੋਇਆ ਕਿ 'ਯਾ ਅੱਯੁਹਨੱਬੀ ਅਤਅਮੁਲ ਜਾਆ ਵ ਮੁਅਤੱਰ' (یایھا النبی اطعموا الجائع والمعتر) ਕਿ ਹੇ, ਨਬੀ ਭੁੱਖੇ ਤੇ ਪਰੇਸ਼ਾਨ ਲੋਕਾਂ ਨੂੰ ਖਾਣਾ ਖੁਆਓ । ਸੋ, ਪਤਾ ਲੱਗਿਆ ਕਿ ਮਹਿਮਾਨ ਰਾਤ ਤਿੰਨ ਵੱਜੇ ਤੱਕ

ਲੰਗਰਖ਼ਾਨੇ ਦੇ ਸਾਹਮਣੇ ਖੜੇ ਰਹੇ ਅਤੇ ਉਹਨਾਂ ਨੂੰ ਖਾਣਾ ਨਹੀਂ ਮਿਲਿਆ । ਫਿਰ ਆਪ ਨੇ ਨਵੇਂ ਸਿਰਿਓਂ ਫ਼ਰਮਾਇਆ ਕਿ ਦੇਗਾਂ ਰੜ੍ਹਾਓ ਇਹਨਾਂ ਨੂੰ ਖਾਣਾ ਖੁਆਓ ।

ਸੋ, ਇਕ ਸਮੇਂ ਸੱਤ ਸੌ ਵਿਅਕਤੀਆਂ ਨੂੰ ਖਾਣਾ ਖੁਆਉਣ ਦਾ ਪ੍ਰਬੰਧ ਵੀ ਮੁਸ਼ਕਲ ਹੋ ਗਿਆ ਸੀ ਅਤੇ ਅੱਜ ਰੱਬ ਦੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਰੱਬ ਦੀ ਤਾਈਦ ਦਾ ਇਹ ਦ੍ਰਿਸ਼ ਹੈ ਕਿ ਵੱਖ ਵੱਖ ਕੌਮਾ ਦੇ ਹਜ਼ਾਰਾਂ ਹੀ ਲੋਕ ਕਾਦੀਆਂ ਵਿੱਚ ਇਕੱਠੇ ਹਨ ਅਤੇ ਉਹਨਾਂ ਦੇ ਖਾਣੇ ਵੀ ਪੱਕ ਰਹੇ ਹਨ, ਉਹਨਾਂ ਦੇ ਸੁਭਾਵ ਅਨੁਸਾਰ ਅਤੇ ਮਹਿਮਾਨ ਨਵਾਜ਼ੀ ਵੀ ਹੋ ਰਹੀ ਹੈ ਅਤੇ ਬਾਕੀ ਦੁਨੀਆ ਦੇ ਜਲਸਿਆਂ ਵਿੱਚ ਵੀ ਇਸੇ ਪ੍ਰਕਾਰ ਹੋ ਰਿਹਾ ਹੈ ।

ਇਹ ਰੱਬ ਦੀ ਸਹਾਇਤਾ ਅਤੇ ਉਸ ਦੀ ਪੱਖਤਾ ਦਾ ਇਕ ਮਹਾਨਤਮ ਪ੍ਰਮਾਣ ਹੈ ਅਤੇ ਜਿੰਨ੍ਹਾ ਜਮਾਤਾਂ ਨਾਲ ਉਸ ਦੀ ਸਹਾਇਤਾ ਹੁੰਦੀ ਹੈ ਉਹ ਇਸ ਪ੍ਰਕਾਰ ਵਧੱਦੀ ਚਲੀ ਜਾਂਦੀ ਹੈ ਅਤੇ ਦੁਸ਼ਮਣ ਦੀਆਂ ਨਿਗਾਹਾਂ ਵਿੱਚ ਫਿਰ ਕੰਢਿਆਂ ਵਾਂਗ ਰੜਕਣ ਵੀ ਲੱਗ ਜਾਂਦੀ ਹੈ ਦੁਸ਼ਮਣ ਦੁਸ਼ਮਣੀ ਵਿੱਚ ਵੀ ਵੱਧ ਜਾਂਦੇ ਹਨ ਈਰਖਾ ਵਿੱਚ ਵਧੱਦੇ ਹਨ ਪਰ ਰੱਬ ਦੀ ਤਕਦੀਰ ਪੂਰੀ ਹੋਏ ਬਿਨਾ ਨਹੀਂ ਰਹਿੰਦੀ ਅਤੇ ਦੁਸ਼ਮਣਾ ਦੀ ਈਰਖਾ ਭਰੀਆਂ ਨਿਗਾਹਾਂ ਦੇ ਹੁੰਦਿਆਂ ਹੋਇਆਂ ਵੀ ਉਹ ਆਪਣੀ ਜਮਾਤ ਨੂੰ ਵਧਾਉਂਦਾ ਜਾਂਦਾ ਹੈ ਅਤੇ ਉਸ ਨੂੰ ਦੁਨੀਆ ਵਿੱਚ ਤਰੱਕੀ ਦਿੰਦਾ ਜਾਂਦਾ ਹੈ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਇਹ ਚੀਜ਼ ਆਪਣੇ ਆਪ ਵਿੱਚ ਸਾਡੇ ਲਈ ਬਹੁਤ ਖ਼ੁਸ਼ੀ ਦਾ ਸਬਬ ਹੈ ਪਰ ਨਾਲ ਹੀ ਆਪਣੀਆਂ ਜ਼ਿੰਮੇਦਾਰੀਆਂ ਵੱਲ ਵੀ ਧਿਆਨ ਦੁਆਉਂਦੀ ਹੈ । ਸਾਨੂੰ ਉਹਨਾਂ ਉਦੇਸ਼ਿਆਂ ਵੱਲ ਧਿਆਨ ਦੁਆਉਂਦੀ ਹੈ ਜਿੰਨ੍ਹਾ ਲਈ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕੀਤੀ ਸੀ ਅਤੇ ਫਿਰ ਇਹ ਦੇਖੋ ਕਿ ਉਪ ਮਹਾਦ੍ਵੀਪ ਭਾਰਤ ਤੇ ਪਾਕਿਸਤਾਨ ਵਿੱਚ ਹੀ ਨਹੀਂ ਸਗੋਂ ਅੱਜ ਦੁਨੀਆ ਦੇ ਦੋ ਸੌ ਤੋਂ ਵੱਧ ਦੇਸ਼ਾਂ ਵਿੱਚ ਜਮਾਤ ਵੱਧ ਰਹੀ ਹੈ ਅਤੇ ਤਰੱਕੀ ਕਰ ਰਹੀ ਹੈ । ਰੱਬ ਦੀ ਤਕਦੀਰ ਨੇ ਜੋ ਨਿਰਣਾ ਕੀਤਾ ਹੋਇਆ ਹੈ, ਉਸ ਨੇ ਗ਼ਾਲਬ ਆਉਂਣਾ ਹੈ । ਇੰਸ਼ਾਅਲੱਾਹ ਤਆਲਾ । ਜਮਾਤ ਤਰੱਕੀ ਕਰ ਰਹੀ ਹੈ ਅਤੇ ਇੰਸ਼ਾਅਲੱਾਹ ਕਰਦੀ ਜਾਵੇਗੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਇਲਹਾਮ ਹੈ ਜੋ ਦੋ ਅਰਥ ਰਖੱਦਾ ਹੈ । ਅਸੀਂ ਉਸ ਦੇ ਕੋਈ ਵਿਸ਼ੇਸ਼ ਅਰਥ ਨਹੀਂ ਕਰ ਸਕਦੇ ਅਤੇ ਨ ਹੀ ਸਾਨੂੰ ਪਤਾ ਹੈ ਕਿ ਉਹ ਕੱਦ ਤੇ ਕਿਵੇਂ ਪੂਰਾ ਹੋਵੇਗਾ ਅਤੇ ਉਹ ਇਲਹਾਮ ਹੈ ਕਿ "ਲੰਗਰ ਉਠਾ ਦਿਓ" ਹੁਣ ਇਸ ਲੰਗਰ ਤੋਂ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਲੰਗਰ ਤੋਂ ਭਾਵ ਬੇੜੀਆਂ ਵਾਲਾ ਲੰਗਰ ਲਿਆ ਜਾਵੇ ਅਰਥਾਤ ਜੱਦ ਬੇੜੀਆਂ ਦਾ ਜੱਦ ਲੰਗਰ ਪਾਇਆ ਜਾਂਦਾ ਹੈ ਪਾਣੀ ਵਿੱਚ ਖ਼ੜਾ ਕਰਨ ਲਈ ਤਾਂ ਇਸ ਦੇ ਇਹ ਅਰਥ ਹੋਣਗੇ ਕਿ ਬਾਹਰ ਨਿਕਲ ਜਾਓ ਅਤੇ ਰਬ ਦੇ ਸੰਦੇਸ਼ ਨੂੰ ਹਰ ਥਾਂ ਫੈਲਾਓ ਅਤੇ ਜੇਕਰ ਲੰਗਰ ਉਠਾਉਣ ਤੋਂ ਜ਼ਾਹਿਰੀ ਅਰਥ ਲਏ ਜਾਣ ਤਾਂ ਫਿਰ ਇਸ ਦੇ ਇਹ ਅਰਥ ਹੋਣਗੇ ਕਿ ਆਉਣ ਵਾਲਿਆਂ ਦੀ ਗਿਣਤੀ ਐਨ੍ਹੀ ਵੱਧ ਗਈ ਹੈ ਕਿ ਹੁਣ ਲੰਗਰ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਦਾ । ਇਸ ਲਈ ਲੰਗਰ ਉਠਾ ਦਿਓ ਅਤੇ ਲੋਕਾਂ ਨੂੰ ਕਹੋ ਕਿ ਉਹ ਆਪਣੀ ਰਿਹਾਇਸ਼ ਤੇ ਖ਼ੁਰਾਕ ਦਾ ਆਪ ਪ੍ਰਬੰਧ ਕਰ ਲੈਂਣ । ਇਹਨਾਂ ਦੋਹਾਂ ਅਰਥਾਂ ਵਿੱਚੋਂ ਅਸੀਂ ਕਿਸੇ ਵੀ ਭਾਵ ਨੂੰ ਨਿਰਧਾਰਤ ਨਹੀਂ ਕਰ ਸਕਦੇ ਅਤੇ ਨ ਹੀ ਸਮਾਂ ਨਿਰਧਾਰਤ ਕਰ ਸਕਦੇ ਹਾਂ ਕਿ ਕੀ ਵਾਪਰੇਗਾ । ਬਹਿਰਹਾਲ ਜੱਦ ਤੱਕ ਮਹਿਮਾਨਾ ਦਾ ਠਹਿਰਾਉਣਾ ਮਨੁੱਖੀ ਤਾਕਤ ਵਿੱਚ ਹੈ ਉਸ ਸਮੇਂ ਤੱਕ ਸਾਨੂੰ ਇਹੋ ਹਿਦਾਇਤ ਹੈ ਕਿ 'ਵਸਿਆ ਮਕਾਨਾਕਾ' (وسع مکانک) ਕਿ ਤੁਸੀਂ ਆਪਣੇ ਮਕਾਨ (ਘਰ) ਵਧਾਉਂਦੇ ਜਾਓ ਅਤੇ ਮਹਿਮਾਨਾ ਲਈ ਗੁੰਜਾਇਸ਼ ਕੱਢੋ । ਸੋ ਇਸ ਕੰਮ ਲਈ ਘੱਟੋ ਘੱਟ ਕਾਦੀਆਂ ਵਿੱਚ ਅਤੇ ਜਿੱਥੇ ਜਿੱਥੇ ਦੂਜੀਆਂ ਜਮਾਤਾਂ ਵੀ ਕਰ ਸਕਦੀਆਂ ਹਨ ਓਥੇ ਰਿਹਾਇਸ਼ ਲਈ ਆਰਜ਼ੀ ਜਾਂ ਪੱਕੇ ਤੌਰ'ਤੇ ਪ੍ਰਬੰਧ ਕਰਦੇ ਰਹਿਣਾ ਚਾਹੀਦਾ ਹੈ । ਰੱਬ ਦੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਹਾਮ 'ਵਸਿਆ ਮਕਾਨਾਕਾ' (وسع مکانک) ਹੇਠ ਆਪਣੇ ਘਰਾਂ ਵਿੱਚ ਵੀ ਹੁਣ ਕਾਦੀਆਂ ਵਿੱਚ ਰੱਬ ਦੀ ਮਿਹਰ ਨਾਲ ਬਹੁਤ ਵਾਧਾ ਹੋ ਰਿਹਾ ਹੈ ਅਤੇ ਨਵੇਂ ਨਵੇਂ ਗੈਸਟ ਹਾਊਸ ਅਤੇ ਥਾਵਾਂ ਬਣ ਗਈਆਂ ਹਨ ਅਤੇ ਮਹਿਮਾਨਾਂ ਨੂੰ ਜਿੱਥੋਂ ਤੱਕ ਸਹੂਲਤ ਹੋ ਸਕਦੀ ਹੈ ਉਪਲਭਦ ਕਰਾਈ ਜਾਂਦੀ ਹੈ, ਪਰ, ਹਾਂ, ਘਰ ਵਾਲੀ ਸਹੂਲਤ ਤਾਂ ਨਹੀਂ । ਇਸ ਲਈ ਮਹਿਮਾਨਾ ਨੂੰ ਵੀ ਇਹ ਖ਼ਿਆਲ ਰਖੱਣਾ ਚਾਹੀਦਾ ਹੈ ਕਿ ਜਿੰਨ੍ਹੀ ਵੀ ਸਹੂਲਤ ਦਿੱਤੀ ਗਈ ਹੈ ਉਸ ਦੇ ਅੰਦਰ ਰਹਿੰਦਿਆਂ ਹੋਇਆਂ ਹੀ ਰੱਬ ਦਾ ਸ਼ੁਕਰ ਕਰਦਿਆਂ ਹੋਇਆਂ ਜੋ ਜਲਸੇ ਉਪੱਰ ਆਉਣ ਦਾ ਅਸਲ

ਉਦੇਸ਼ ਹੈ ਉਸ ਨੂੰ ਪੂਰਾ ਕਰੋ ਅਤੇ ਕੇਵਲ ਮਹਿਮਾਨ ਨਵਾਜ਼ੀ ਜਾਂ ਰਿਹਾਇਸ਼ ਦੀ ਸਹੂਲਤ ਵੱਲ ਨ ਦੇਖਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਹੋਰ ਇਲਹਾਮ ਤੇ ਇਛੱਾ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਛੱਾ ਪ੍ਰਕਟ ਕੀਤੀ ਕਿ ਜਮਾਤ ਦੇ ਉਹ ਸਾਰੇ ਸਜੱਣ ਜਿੰਨ੍ਹਾ ਦਾ ਜਲਸੇ ਉਪੱਰ ਆਉਣਾ ਸੰਭਵ ਹੋਵੇ ਉਹ ਇਕੱਠੇ ਹੋਇਆ ਕਰਨ ਅਤੇ ਅਲੱਾਹ ਦੇ ਸਿਮਰਣ ਨੂੰ ਸੁਨਣ ਜਾ ਸੁਨਾਉਣ ਵਿੱਚ ਭਾਗ ਲਿਆ ਕਰਨ ਜੋ ਇਹਨਾਂ ਦਿਨਾਂ ਵਿੱਚ ਕੀਤਾ ਜਾਂਦਾ ਹੈ ।

ਅੱਜ ਅਸੀਂ ਦੇਖਦੇ ਹਾਂ ਤਾਂ ਰੱਬ ਦੀ ਮਿਹਰ ਕਰਕੇ ਦੇਖਦੇ ਹਾਂ ਕਿ ਦੁਨੀਆ ਦੇ ਬਹੁਤ ਸਾਰੇ ਦੇਸ਼ਾ ਵਿੱਚੋਂ ਲੋਕ ਏਥੇ ਕਾਦੀਆਂ ਵਿੱਚ ਪਹੁੰਚਦੇ ਹਨ । ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਦਾ ਬਹੁਤਾ ਭਾਗ ਇਸ ਸਮੇਂ ਭਾਰਤ ਵਿੱਚ ਹੈ ਅਤੇ ਹੁਣ ਪਾਕਿਸਤਾਨ ਤੇ ਭਾਰਤ ਮਿਲਾਕੇ ਅਤੇ ਇਸ ਵਿੱਚ ਵੀ ਅਧਿਕਤਰ ਪੁਰੁਸ਼ਾਂ ਦੀ ਇਕ ਗਿਣਤੀ ਹੈ ਜੋ ਜਲਸਾ ਸਾਲਾਨਾ ਦੇ ਮੌਕੇ'ਤੇ ਕਾਦੀਆਂ ਪਹੁੰਚ ਸਕਦੀ ਹੈ । ਸੋ, ਇਹਨਾ ਦਿਨਾਂ ਵਿੱਚ ਕਾਦੀਆਂ ਆਉਣਾ ਕਿਸੇ ਅਜਿਹੇ ਬਹਾਨੇ ਜਾਂ ਉਜ਼ਰ ਕਰਕੇ ਤਿਆਗ ਦੇਣਾ ਜਿਸ ਨੂੰ ਤੋੜਿਆ ਜਾ ਸਕਦਾ ਹੋਵੇ ਜਾਂ ਜਿਸਦਾ ਇਲਾਜ ਕੀਤਾ ਜਾ ਸਕਦਾ ਹੋਵੇ ਕੇਵਲ ਇਕ ਹੁਕਮ ਦੀ ਨਾਫ਼ਰਮਾਨੀ ਹੀ ਨਹੀਂ ਸਗੋਂ ਆਪਣੀ ਸੰਤਾਨ ਉਪੱਰ ਵੀ ਜ਼ੁਲਮ ਕਰ ਰਹੇ ਹੋਵੋਗੇ । ਭਾਰਤ ਦੇ ਅਹਮਦੀਆਂ ਨੂੰ ਵਿਸ਼ੇਸ਼ ਰੂਪ ਵਿੱਚ ਜਤਨ ਕਰਕੇ ਕਾਦੀਆਂ ਆਉਣਾ ਚਾਹੀਦਾ ਹੈ । ਜੇਕਰ ਕਿਸੇ ਸਮੇਂ ਅਮਰੀਕਾ ਵਿੱਚ ਸਾਡ ਜਮਾਤ ਦੇ ਮਾਲਦਾਰ ਲੋਕ ਹੋਣ ਅਤੇ ਉਹ ਆਉਣ ਜਾਣ ਦੇ ਖਰਚੇ ਕਰ ਸਕਣ ਤਾਂ ਹੱਜ ਤੋਂ ਬਿਨਾ ਉਹਨਾਂ ਲਈ ਇਹ ਕਾਰਜ ਵੀ ਜ਼ਰੂਰੀ ਹੋਵੇਗਾ ਕਿ ਇਕ ਦੋ ਵਾਰ ਕਾਦੀਆਂ ਜਲਸੇ ਉਪੱਰ ਵੀ ਆਉਣ । ਕਿਉਂਕਿ ਕਾਦੀਆਂ ਵਿੱਚ ਗਿਆਨ ਭਰਪੂਰ ਬਰਕਤਾਂ ਉਪਲਭਧ ਹੁੰਦੀਆਂ ਹਨ ਅਤੇ ਕੇਂਦਰ ਦੇ ਫ਼ੈਜ਼ ਤੋਂ ਲਾਭਵੰਦ ਹੁੰਦੇ ਹਨ । ਭਾਵੇਂ ਇਸ ਦੇ ਕਿ ਹੁਣ ਓਥੇ ਖ਼ਿਲਾਫ਼ਤ ਨਹੀਂ ਹੈ ਪਰ ਫਿਰ ਵੀ ਓਥੇ ਉਸ ਦਾ ਇਕ ਰੂਹਾਨੀ ਰੂਪ ਹੈ ਜੋ ਓਥੇ ਜਾ ਕੇ ਅਨੁਭਵ ਹੁੰਦਾ ਹੈ । ਆਪ ਫ਼ਰਮਾਉਂਦੇ ਹਨ ਕਿ ਮੈਂ ਤਾਂ ਇਹ ਵਿਸ਼ਵਾਸ ਰਖੱਦਾ ਹਾਂ ਕਿ ਇਕ ਦਿਨ ਆਉਣ ਵਾਲਾ ਹੈ ਜਦੱ ਦੂਰ ਦੁਰਾਡੇ ਦੇ ਦੇਸ਼ਾਂ ਦੇ ਲੋਕ ਏਥੇ ਆਉਣਗੇ । ਕਿਉਂਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਰੋਯਾ (ਸੁਪਨਾ) ਹੈ ਜਿਸ ਵਿੱਚ ਆਪ ਨੇ ਦੇਖਿਆ ਕਿ ਆਪ ਹਵਾ ਵਿੱਚ ਤੈਰ ਰਹੇ ਹਨ ਅਤੇ ਫ਼ਰਮਾਉਂਦੇ ਹਨ ਕਿ ਈਸਾ ਤਾਂ ਪਾਣੀ ਉਪੱਰ ਜਲਦੇ ਸਨ ਅਤੇ ਮੈਂ ਹਵਾ ਵਿੱਚ ਤੈਰ ਰਿਹਾ ਹਾਂ ਅਤੇ ਮੇਰੇ ਰੱਬ ਦੀ ਮਿਹਰ ਉਹਨਾਂ ਤੋਂ ਵੱਧਕੇ ਮੇਰੇ'ਤੇ ਹੈ । ਇਹ ਆਪਨੇ ਸੁਪਨਾ ਦੇਖਿਆ। ਇਸ ਸੁਪਨੇ ਅਨੁਸਾਰ ਮੈਂ ਸਮਝਦਾ ਹਾਂ ਕਿ ਉਹ ਸਮਾਂ ਆਉਣ ਵਾਲਾ ਹੈ ਜਿਵੇਂ ਕਾਦੀਆਂ ਦੇ ਜਲਸੇ'ਤੇ ਕਦੇ ਯੱਕੇ ਸੜਕਾਂ ਨੂੰ ਘਿਸਾ ਦਿੰਦੇ ਸਨ ਅਤੇ ਫਿਰ ਮੋਟਰ ਗੱਡੀਆਂ ਚਲੱ ਪਈਆਂ ਜੋ ਸੜਕਾਂ ਵਿੱਚ ਟੋਏ ਪਾ ਦਿੰਦਿਆਂ ਸਨ ਅਤੇ ਹੁਣ ਰੇਲ, ਗੱਡੀਆਂ ਸਵਾਰੀਆਂ ਨੂੰ ਖਿੱਚ ਖਿੱਚ ਕੇ ਕਾਦੀਆਂ ਲਿਆਦੀਆਂ ਹਨ ਇਸੇ ਪ੍ਰਕਾਰ ਕਿਸੇ ਜੁੱਗ ਵਿੱਚ ਥੋੜੇ ਹੀ ਸਮੇਂ ਮਗਰੋਂ ਇਹ ਖ਼ਬਰਾਂ ਵੀ ਮਿਲਿਆ ਕਰਨਗੀਆਂ ਕਿ ਹੁਣੇ ਫਲਾਣੇ ਦੇਸ਼ ਤੋਂ ਐਨੇ੍ਹ ਜਹਾਜ਼ ਆਏ ਹਨ । ਇਹ ਗਲੱਾਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਅਜੀਬ ਹਨ ਪਰ ਰੱਬ ਦੀਆਂ ਨਜ਼ਰਾਂ ਵਿੱਚ ਅਜੀਬ ਨਹੀਂ । ਰੱਬ ਦੀ ਮਿਹਰ ਨਾਲ ਹੁਣ ਇਹ ਨਜ਼ਾਰੇ ਅਸੀਂ ਬਹੁਤ ਦੇਖ ਰਹੇ ਹਾਂ ਜਿਵੇਂ ਕਿ ਮੈਂ ਕਿਹਾ ਦੁਨੀਆ ਦੇ ਵੀਹ ਪੰਝੀ ਦੇਸ਼ਾਂ ਦੇ ਲੋਕ ਇਨ ਸਮੇਂ ਹਵਾਈ ਜਹਾਜ਼ ਰਾਹੀਂ ਹੀ ਕਾਦੀਆਂ ਜਲਸੇ ਉਪੱਰ ਗਏ ਹੋਏ ਹਨ ਅਤੇ ਕੁਝ ਅਜਿਹੇ ਦੇਸ਼ਾਂ ਦੇ ਲੋਕ ਲੋਕਲ ਲੋਕ ਹਨ ਜਿੰਨ੍ਹਾ ਦਾ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਉਹ ਓਥੇ ਪਹੁੰਚਣਗੇ । ਅਤੇ ਇਹ ਵੀ ਦੂਰ ਨਹੀਂ ਕਿ ਚਾਰਟਡ ਫ਼ਲਾਈਟਸ ਚਲਿਆ ਕਰਨ ਅਤੇ ਕਾਦੀਆਂ ਦੇ ਜਲਸੇ ਵਿੱਚ ਲੋਕ ਸ਼ਮਾਲ ਹੋਇਆ ਕਰਨ । ਆਪ ਫ਼ਰਮਾਉਂਦੇ ਹਨ ਕਿ ਰੱਬ ਦਾ ਇਹ ਨਿਰਣਾ ਹੈ ਕਿ ਉਹ ਆਪਣੇ ਦੀਨ (ਧਰਮ) ਲਈ ਮਕੱਾ ਤੇ ਮਦੀਨਾ ਦੇ ਬਾਦ ਕਾਦੀਆਂ ਨੂੰ ਕੇਂਦਰ ਬਣਾਉਣਾ ਚਾਹੁੰਦਾ ਹੈ । ਮਕੱਾ ਤੇ ਮਦੀਨਾ ਉਹ ਸਥਾਨ ਹਨ ਜਿੰਨ੍ਹਾ ਦਾ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਵੁਜੂਦ ਨਾਲ ਸੰਬੰਧ ਹੈ । ਆਪ ਇਸਲਾਮ ਦੇ ਬਾਨੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਕਾ ਅਤੇ ਗੁਰੂ ਹਨ ਇਸ ਪੱਖੋਂ ਦੋਹਾਂ ਅਸਥਾਨਾ ਨੂੰ ਕਾਦੀਆਂ'ਤੇ ਵੱਡਿਆਈ ਪ੍ਰਾਪਤ ਹੈ ਪਰ ਮਕੱਾ ਤੇ ਮਦੀਨਿ ਦੇ ਬਾਦ ਜਿਸ ਥਾਂ ਨੂੰ ਰੱਬ ਨੇ ਦੁਨੀਆ ਦੀ ਹਿਦਾਇਤ ਦਾ ਕੇਂਦਰ ਬਣਾਇਆ ਹੈ ਉਹ ਉਹੋ ਹੈ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਬਿੰਬ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਹੈ ਜੋ ਇਸ ਸਮੇਂ ਇਸਲਾਮੀ ਪ੍ਰਚਾਰ ਦਾ ਇਕ

ਮਾਤਰ ਕੇਂਦਰ ਹੈ । ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕਲ ਮਕੱਾ ਅਤੇ ਮਦੀਨਾ ਜੋ ਕਿਸੇ ਸਮੇਂ ਬਰਕਤਾਂ ਭਰਪੂਰ ਅਸਥਾਨ ਹੋਣ ਦੇ ਨਾਲ ਨਾਲ ਪ੍ਰਚਾਰਕ ਕੇਂਦਰ ਵੀ ਸਨ । ਅੱਜ ਓਥੋਂ ਦੇ ਬਸ਼ਿੰਦੇ ਇਸ ਕਰਤਵ ਨੂੰ ਭੁਲਾਈ ਬੈਠੇ ਹਨ । ਪਰ ਇਹ ਹਾਲਤ ਹਮੇਸ਼ਾ ਨਹੀਂ ਰਹੇਗੀ । ਇੰਸ਼ਾਅਲੱਾਹ । ਮੈਨੂੰ ਵਿਸ਼ਵਾਸ ਹੈ ਕਿ ਜੱਦ ਰੱਬ ਇਹਨਾਂ ਖੇਤਰਾਂ ਵਿੱਚ ਅਰਥਾਤ ਅਰਬ ਦੇਸ਼ਾਂ ਵਿੱਚ ਅਹਮਦੀਅਤ ਨੂੰ ਕਾਇਮ ਕਰੇਗਾ ਤਾਂ ਫਿਰ ਇਹ ਪਵਿਤੱਰ ਅਸਥਾਨ ਮਕੱਾ ਤੇ ਮਦੀਨਾ ਵੀ ਆਪਣੀ ਪੂਰੀ ਸ਼ਾਨ ਨਾਲ ਪਰਤਾਏ ਜਾਣਗੇ ।

ਇਕ ਨਸੀਹਤ ਹੈ ਜੋ ਬਹੁਤ ਹੀ ਧਿਆਨ ਦੇਣ ਯੋਗ ਹੈ ਜਲਸੇ ਵਿੱਚ ਭਾਗ ਲੈਂਣ ਵਾਲਿਆਂ ਲਈ ਕਾਦੀਆਂ ਵਿੱਚ ਬੈਠੇ ਸੁਣ ਰਹੇ ਹਨ ਅਤੇ ਬਾਕੀ ਥਾਵਾਂ ਉਪੱਰ ਵੀ ਸੁਣ ਰਹੇ ਹਨ । ਜਿੱਥੇ ਫੁੱਲ ਹੁੰਦੇ ਹਨ ਓਥੇ ਕੰਢੇ ਵੀ ਹੁੰਦੇ ਹਨ । ਇਸੇ ਪ੍ਰਕਾਰ ਤਰੱਕੀ ਨਾਲ ਈਰਖਾ ਤੇ ਸਾੜਾ ਅਤੇ ਪਰਵਾਨ ਚੜ੍ਹਨ ਦੇ ਨਾਲ ਪਤਨ ਵੀ ਲੱਗਾ ਹੋਇਆ ਹੈ । ਭਾਵ ਹਰ ਚੀਜ਼ ਜੋ ਚੰਗੀ ਤੇ ਉਤੱਮ ਹੁੰਦੀ ਹੈ ਉਸ ਨੂੰ ਪ੍ਰਾਪਤ ਕਰਨ ਦੇ ਮਾਰਗ ਵਿੱਚ ਕੁਝ ਵਿਰੋਧੀ ਸ਼ਕਤੀਆਂ ਵੀ ਹੋਇਆ ਕਰਦੀਆਂ ਹਨ । ਉਹਨਾਂ'ਤੇ ਅਜਿਹੀਆਂ ਔਕੁੜਾਂ ਆਉਦੀਆਂ ਹਨ ਕਿ ਮਾੜੇ ਤੇ ਕੱਚੇ ਈਮਾਨ ਵਾਲੇ ਮੁਰਤੱਦ (ਫਿਰ) ਹੋ ਜਾਂਦੇ ਹਨ ਅਤੇ ਕਦੇ ਛੋਟੀਆਂ ਛੋਟੀਆਂ ਔਕੁੜਾਂ ਆਉਂਦੀਆਂ ਹਨ ਪਰ ਮਾੜੇ ਈਮਾਨ ਵਾਲੇ ਉਹਨਾਂ ਤੋਂ ਵੀ ਠੋਕਰ ਖਾ ਜਾਂਦੇ ਹਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਕਾਦੀਆਂ ਵਿੱਚ ਜਲਸੇ ਉਪੱਰ ਆਉਣ ਵਾਲਿਆਂ ਨੂੰ ਮੈਂ ਨਸੀਹਤ ਕਰਦਾ ਹਾਂ ਕਿ ਲੋਕਾਂ ਦੀ ਭੀੜ ਤੇ ਕੰਮ ਕਰਨ ਵਾਲਿਆਂ ਦੀ ਘਾਟ ਕਰਕੇ ਜੇਕਰ ਤੁਹਾਨੂੰ ਕੋਈ ਕਸ਼ਟ ਪਹੁੰਚੇ ਤਾਂ ਪਰੇਸ਼ਾਨ ਨ ਹੋ ਜਾਓ, ਠੋਕਰ ਨ ਖਾ ਜਾਓ । ਇਸ ਨਸੀਹਤ ਨੂੰ ਹਮੇਸ਼ਾ ਚੇਤੇ ਰਖੱਣਾ ਹੈ ਚਾਹੇ ਏਥੇ ਜਲਸਾ ਹੋਵੇ ਜਾਂ ਕਿਤੇ ਹੋਰ ਵੀ ਜਲਸਾ ਹੋਵੇ ।

ਬਹਿਰਹਾਲ ਮਹਿਮਾਨ ਨਵਾਜ਼ੀ ਕਰਨ ਵਾਲੇ ਆਪਣੇ ਪੂਰੇ ਜਤਨ ਕਰਦੇ ਹਨ ਕਿ ਹਰ ਪ੍ਰਕਾਰ ਮਹਿਮਾਨ ਨਵਾਜ਼ੀ ਕੀਤੀ ਜਾਵੇ ਪਰ ਫਿਰ ਵੀ ਕਮੀਆਂ ਰਹਿ ਜਾਂਦੀ ਹਨ । ਜਿਵੇਂ ਕਿ ਮੈਂ ਕਿਹਾ ਕਿ ਅੱਜ ਵੀ ਕਾਦੀਆਂ ਆਉਣ ਵਾਲੇ ਜਾਂ ਕਿਤੇ ਵੀ ਜਲਸੇ'ਤੇ ਜਾਣ ਵਾਲੇ ਚੇਤੇ ਰਖੱਣ ਕਿ ਜੇਕਰ ਪ੍ਰਬੰਧਕੀ ਪੱਖੋਂ ਕੋਈ ਕਸ਼ਟ ਪਹੁੰਚੇ ਤਾਂ ਉਸ ਨੂੰ ਹੱਸ ਕੇ ਝੱਲ ਲਓ ਅਤੇ ਆਪਣੇ ਆਪ ਨੂੰ ਠੋਕਰ ਖਾਣ ਦਾ ਸਬਬ ਨ ਬਣਨ ਦਿਓ । ਅਲੱਾਹ ਤਆਲਾ ਕਾਦੀਆਂ ਦੇ ਜਲਸੇ ਨੂੰ ਵੀ ਅਤੇ ਬਾਕੀ ਦੇ ਜਲਸਿਆਂ ਨੂੰ ਵੀ ਆਪਣੀਆਂ ਮਿਹਰਾਂ ਤੇ ਬਰਕਤਾਂ ਨਾਲ ਇਹ ਸਾਰੇ ਦਿਨ ਗੁਜ਼ਾਰੇ ਅਤੇ ਉਹਨਾਂ ਨੂੰ ਪੂਰਾ ਕਰੇ ਅਤੇ ਹਰ ਜਲਸਾ ਰੱਬ ਦੀਆਂ ਮਿਹਰਾਂ ਤੇ ਬਰਕਤਾਂ ਨੂੰ ਇਕਤੱਰ ਕਰਨ ਵਾਲਾ ਅਤੇ ਸਾਰਿਆਂ ਭਾਗ ਲੈਂਣ ਵਾਲਿਆਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਦਾ ਵਾਰਸ ਬਣਾਏ ਅਤੇ ਆਪ ਵੀ ਬਣੇ । ਇਹਨਾਂ ਦਿਨਾਂ ਵਿੱਚ ਬਹੁਤ ਸਾਰੀਆਂ ਦੁਆਵਾਂ ਕਰੋ ।

**Khulasa Khutba 25.12.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131